Washington Apple Health

# ਆਪਣੀ ਫੋਸਟਰ ਕੇਅਰ ਅਲਮਨਾਈ ਕਵਰੇਜ ਨੂੰ ਕਿਰਿਆਸ਼ੀਲ ਬਣਾਈ ਰੱਖੋ

## ਸੰਪਰਕ ਵਿੱਚ ਰਹੋ, ਕਵਰ ਵਿੱਚ ਰਹੋ!



ਅਪਡੇਟ ਰਹਿਣ ਅਤੇ ਸਮੇਂ ਸਿਰ ਨੋਟਿਸਾਂ ਦਾ ਜਵਾਬ ਦੇਣ ਨਾਲ ਤੁਸੀਂ ਫੋਸਟਰ ਕੇਅਰ ਅਲਮਨਾਈ ਲਈ ਆਪਣੀ Apple (Medicaid) ਕਵਰੇਜ ਗੁਆਉਣ ਤੋਂ ਬਚ ਸਕੋਗੇ।

### ਮੈਂ ਆਪਣੀ ਕਵਰੇਜ ਕਿਰਿਆਸ਼ੀਲ ਕਿਵੇਂ ਬਣਾਈ ਰੱਖਾਂ?

ਜੇਕਰ ਤੁਹਾਡੀ ਡਾਕ ਵਾਪਸ ਹੋ ਜਾਂਦੀ ਹੈ ਜਾਂ ਤੁਹਾਡੀ ਸੰਪਰਕ ਜਾਣਕਾਰੀ ਅਪਡੇਟ ਨਹੀਂ ਹੈ, ਤਾਂ ਫੋਸਟਰ ਕੇਅਰ ਅਲਮਨਾਈ ਦੀ ਤੁਹਾਡੀ Apple Health (ਐਪਲ ਹੈਲਥ) ਕਵਰੇਜ ਸਮਾਪਤ ਹੋ ਸਕਦੀ ਹੈ।

ਰੁਕਾਵਟਾਂ ਤੋਂ ਬਚਣ ਲਈ, ਨੋਟਿਸ ਪ੍ਰਾਪਤ ਕਰਨ ਲਈ ਈਮੇਲ ਨੂੰ ਆਪਣੇ ਤਰਜੀਹੀ ਤਰੀਕੇ ਵਜੋਂ ਚੁਣੋ ਅਤੇ Washington Healthplanfinder (ਵਾਸ਼ਿੰਗਟਨ ਹੈਲਥਪਲਾਨਫਾਈਂਡਰ) ਵਿੱਚ ਆਪਣੇ ਸੰਪਰਕ ਵੇਰਵੇ ਨੂੰ ਅਪਡੇਟ ਰੱਖੋ:

1. ਸੱਜੇ ਪਾਸੇ ਦਿੱਤੇ QR ਕੋਡ ਨੂੰ ਸਕੈਨ ਕਰੋ ਜਾਂ **wahealthplanfinder.org** 'ਤੇ ਆਪਣੇ Washington Healthplanfinder ਖਾਤੇ 'ਤੇ ਲੌਗ ਇਨ ਕਰੋ।
2. ਆਪਣੀਆਂ ਸੰਚਾਰ ਤਰਜੀਹਾਂ 'ਤੇ ਜਾਓ ਅਤੇ **ਈਮੇਲ** ਚੁਣੋ।
3. ਯਕੀਨੀ ਬਣਾਓ ਕਿ ਤੁਹਾਡਾ ਡਾਕ ਪਤਾ, ਫੋਨ ਨੰਬਰ, ਅਤੇ **ਈਮੇਲ** ਸਾਰੇ ਅਪਡੇਟ ਹਨ।

**ਈਮੇਲ** ਦੀ ਚੋਣ ਕਰਨ ਨਾਲ ਤੁਹਾਨੂੰ ਮਹੱਤਵਪੂਰਨ ਅਪਡੇਟ ਸਮੇਂ ਸਿਰ ਪ੍ਰਾਪਤ ਕਰਨ ਵਿੱਚ ਮਦਦ ਕਰਦਾ ਹੈ, ਖਾਸ ਤੌਰ 'ਤੇ ਜੇ ਤੁਸੀਂ ਰਿਹਾਇਸ਼ ਬਦਲੀ ਹੈ ਜਾਂ ਨਿਯਮਿਤ ਤੌਰ 'ਤੇ ਆਪਣੀ ਡਾਕ ਨਹੀਂ ਦੇਖਦੇ। ਇਹ ਸੰਪਰਕ ਵਿੱਚ ਰਹਿਣ ਅਤੇ ਕਵਰ ਵਿੱਚ ਰਹਿਣ ਦਾ ਸਭ ਤੋਂ ਆਸਾਨ ਤਰੀਕਾ ਹੈ।

### ਮੈਂ ਆਪਣੀ ਸੰਪਰਕ ਜਾਣਕਾਰੀ ਨੂੰ ਕਿਵੇਂ ਅਪਡੇਟ ਕਰਾਂ?

ਤੁਹਾਡੇ ਕੋਲ ਆਪਣੀ ਜਾਣਕਾਰੀ ਨੂੰ ਅਪਡੇਟ ਕਰਨ ਲਈ ਕਈ ਵਿਕਲਪ ਹਨ:

**ਔਨਲਾਈਨ:** Washington Healthplanfinder 'ਤੇ ਜਾਓ - ਲੌਗ ਇਨ ਕਰੋ ਅਤੇ "ਆਮਦਨ ਜਾਂ ਘਰ-ਪਰਿਵਾਰ ਵਿੱਚ ਤਬਦੀਲੀ ਦੀ ਰਿਪੋਰਟ ਕਰੋ" ਨੂੰ ਚੁਣੋ।

**ਫੋਨ:** ਫੋਸਟਰ ਕੇਅਰ ਐਡਾਪਸ਼ਨ ਸਪੋਰਟ ਟੀਮ ਨੂੰ 1-800-562-3022 (ਐਕਸਟੈਂਸ਼ਨ 15480) 'ਤੇ ਕਾਲ ਕਰੋ

**ਈਮੇਲ:** **fcas@hca.wa.gov**

** QR ਕੋਡ ਸਕੈਨ ਕਰੋ ਅਤੇ ਅੱਜ ਹੀ ਆਪਣੀ ਜਾਣਕਾਰੀ ਨੂੰ ਅਪਡੇਟ ਕਰੋ!**

HCA 19-0116 PJ (4/25) Punjabi